# 11

# ਸ਼ਰ੍ਹਾ ਦਾ ਪੂਰਾ ਹੋਣਾ
## (5:17-20)

ਮਸੀਹਾ ਦੀ ਉਮੀਦ ਕੀਤੀ ਜਾਂਦੀ ਅਤੇ ਅੰਦਾਜ਼ੇ ਲਾਏ ਜਾਂਦੇ ਸਨ ਪਰ ਉਹ ਕਿਹੋ ਜਿਹਾ ਹੋਣਾ ਸੀ ਇਸ ਦੀ ਸਮਝ ਲੋਕਾਂ ਨੂੰ ਨਹੀਂ ਸੀ। ਉਸ ਦੇ ਬੇਖੌਫ਼, ਇਖ਼ਤਿਆਰ ਵਾਲੇ ਵਾਂਗ ਸਬਕਾਂ ਨੂੰ ਖ਼ੁਦਾ ਦੀ ਸ਼ਰ੍ਹਾ ਦੇ ਵਿਰੋਧਾਭਾਸੀ ਜਾਂ ਇੱਥੋਂ ਤਕ ਕਿ ਬੇਇੱਜ਼ਤੀ ਕਰਨ ਵਾਲੇ ਵੀ ਮੰਨਿਆ ਗਿਆ। ਬੇਸ਼ੱਕ ਸਚਿਆਈ ਤੋਂ ਵਧ ਕੇ ਕੁਝ ਵੀ ਨਹੀਂ ਹੋ ਸਕਦਾ ਸੀ, ਜਿਵੇਂ ਕਿ ਯਿਸੂ ਨੇ ਇਨ੍ਹਾਂ ਆਇਤਾਂ ਵਿਚ ਕਿਹਾ। ਇਸ ਭਾਗ (5:17–20) ਨਾਲ ਪਹਾੜੀ ਉਪਦੇਸ਼ ਦੇ ਮੁੱਖ ਭਾਗ ਦੀ ਸ਼ੁਰੂਆਤ ਹੁੰਦੀ ਹੈ। ਇਹ ਬਾਈ ਅਧਿਆਇ ਦੀ ਸਿੱਖਿਆ ਦਾ ਅੰਦਾਜ਼ਾ ਲਾਇਆ ਜਾਂਦਾ ਹੈ (5:17—7:12)। ਯਿਸੂ ਨੇ ਬਾਕੀ ਅਧਿਆਇ ਦੀ ਬਾਕੀ ਸਿੱਖਿਆ ਵਿਚ ਇਹ ਅੰਦਾਜ਼ਾ ਹੈ ਜਿੱਥੇ ਸ਼ਰ੍ਹਾ ਦੀਆਂ ਆਮ ਤੌਰ ਤੇ ਮੰਨੀਆਂ ਜਾਣ ਵਾਲੀਆਂ ਵਿਆਖਿਆਵਾਂ ਨੂੰ ਸੁਧਾਰਿਆ, ਜੋ ਜਾਂ ਤਾਂ ਉੱਪਰੋਂ ਉੱਪਰੋਂ ਸੋਚਣ ਜਾਂ ਗਲਤ ਧਾਰਣਾ ਨਾਲ ਬਣੀਆਂ ਸਨ (5:21–48)।

### ਖੰਡਣ ਨਹੀਂ (5:17)

**17 ''ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ।''**

**ਆਇਤ 17. ਇਹ ਨਾ ਸਮਝੋ** ਯਿਸੂ ਦੇ ਨਾਸਮਝੀ ਵਿਚ ਸੁਧਾਰ ਕਰਨ ਦੇ ਇਰਾਦੇ ਦਾ ਸੰਕੇਤ ਹੈ (ਵੇਖੋ 10:34)। ਇਹ ਪੌਲੁਸ ਦੀਆਂ ਚਿੱਠੀਆਂ ਵਿਚ ''ਮੈਂ/ਅਸੀਂ ਨਹੀਂ ਚਾਹੁੰਦਾ/ਚਾਹੁੰਦੇ ਕਿ ਤੁਸੀਂ ਅਣਜਾਣ ਰਹੋ'' ਵਾਕਅੰਸ਼ ਨਾਲ ਮਿਲਦਾ ਜੁਲਦਾ ਹੈ (ਰੋਮੀਆਂ 11:25; 1 ਥੱਸਲੁਨੀਕੀਆਂ 4:13)। ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਯਕੀਨ ਦੁਆਇਆ ਕਿ ਉਹ **ਤੁਰੇਤ ਜਾਂ ਨਬੀਆਂ ਨੂੰ ਖੰਡਣ** ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ। ਬਾਈਬਲ ਦੇ ਅੰਗ੍ਰੇਜ਼ੀ ਸ਼ਬਦਾਂ ਵਿਚ ਸ਼ਰ੍ਹਾ ਜਾਂ ਤੁਰੇਤ ਲਈ ''Law'' ਸ਼ਬਦ ਨੂੰ ਵੱਡੇ ਅੱਖਰਾਂ ਵਿਚ ਲਿਖਣ ਦਾ ਮਤਲਬ ਆਮ ਤੌਰ ਤੇ ਇਹ ਹੁੰਦਾ ਹੈ ਕਿ ਅਨੁਵਾਦਕਾਂ ਨੂੰ ਇਹ ਸਮਝ ਆਇਆ ਕਿ ਇਸ ਸ਼ਬਦ ਦਾ ਅਰਥ ਮੂਸਾ ਦੇ ਰਾਹੀਂ ਖ਼ੁਦਾ ਵੱਲੋਂ ਇਸਰਾਏਲ ਦੀ ਸੰਤਾਨ ਨੂੰ ਦਿੱਤੇ ਗਏ ਹੁਕਮ ਅਤੇ ਕਾਇਦੇ ਹਨ।[1] ਮੂਸਾ ਦੀ ਤੁਰੇਤ ਖ਼ੁਦਾ ਦੀ ਚੁਣੀ ਹੋਈ ਕੌਮ ਨੂੰ ਹੀ ਦਿੱਤੀ ਗਈ ਸੀ ਨਾ ਕਿ ਗੈਰਕੌਮ ਲੋਕਾਂ ਨੂੰ ਉਸ ਵਿਚ ਅਬਰਾਹਾਮ ਦੀ ਸੰਤਾਨ, ਜਿਵੇਂ ਇਸਮਾਈਲ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਸੀ।

ਇਸਹਾਕ ਦੇ ਰਾਹੀਂ ਅਬਰਾਹਾਮ ਦੀ ਸੰਤਾਨ ਭਾਵ ਯਹੂਦੀ ਹੋਣ ਕਰਕੇ ਯਿਸੂ ਮਸੀਹ ਸ਼ਰ੍ਹਾ ਦੇ ਅਧੀਨ ਰਹਿਆ ਅਤੇ ਉਸੇ ਦੇ ਅਧੀਨ ਮਰਿਆ। ਸ਼ਰ੍ਹਾ ਦੀ ਇਕ ਇਕ ਗੱਲ ਨੂੰ ਮੰਨਣ ਵਾਲਾ ਸਿਰਫ਼ ਉਹੀ ਇਕ ਸ਼ਖ਼ਸ ਹੈ (ਇਬਰਾਨੀਆਂ 4:15; 5:8, 9)। ਉਹਦੇ ਮਨ ਵਿਚ ਸ਼ਰ੍ਹਾ ਵਾਸਤੇ ਬਹੁਤ ਇੱਜ਼ਤ ਸੀ ਅਤੇ ਸਾਨੂੰ ਕਦੇ ਵੀ ਇਸ ਦਾ ਉਲੰਘਣ ਕਰਦੇ ਹੋਏ ਨਹੀਂ ਮਿਲਦਾ। ਜਿੱਥੇ ਹੀ ਅਜਿਹਾ ਲਗਦਾ ਹੈ, ਅਸਲ ਵਿਚ ਉਹ ਉੱਥੇ ਭਾਂਤ ਭਾਂਤ ਦੇ ਯਹੂਦੀ ਰੱਬੀਆਂ ਅਤੇ ਵਿਦਵਾਨਾਂ ਵੱਲੋਂ ਖ਼ੁਦਾ ਦੀ ਸ਼ਰ੍ਹਾ ਦੇ

ਵਿਗਾੜ ਦੀ ਨਿੰਦਿਆ ਕਰ ਰਿਹਾ ਹੈ ਨਾ ਕਿ ਖ਼ੁਦ ਸ਼ਰ੍ਹਾ ਦੀ। ਸਿਰਫ਼ ਸ਼ਰ੍ਹਾ ਨੂੰ ਮੰਨਣਾ ਹੀ ਇਸਰਾਏਲ ਦੀ ਸੰਤਾਨ ਨੂੰ ਸਹੀ ਨਹੀਂ ਠਹਿਰਾਉਂਦਾ ਸੀ; ਉਨ੍ਹਾਂ ਲਈ ਆਗਿਆਕਾਰ ਮਨਾਂ ਨਾਲ ਸਮਰਪਤ ਹੋ ਕੇ ਸ਼ਰ੍ਹਾ ਦਾ ਸਨਮਾਨ ਕਰਨਾ ਜ਼ਰੂਰੀ ਸੀ (ਵੇਖੋ ਰੋਮੀਆਂ 2:13–16, 25–29; 3:20)।

ਸ਼ਰ੍ਹਾ ਮਨੁੱਖ ਜਾਤੀ ਦੇ ਪਾਪ ਵਿਚ ਡਿੱਗ ਜਾਣ ਕਰਕੇ ਕਾਹਲੀ ਵਿਚ ਦਿੱਤਾ ਗਿਆ ਬਦਲ ਨਹੀਂ ਸੀ। ਇਹ ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਦਾ ਭਾਗ ਮੁੱਢੋਂ ਹੀ ਸੀ। ਇਹ ਇਸਰਾਏਲੀਆਂ ਨੂੰ ਖ਼ੁਦਾਈ ਮਕਸਦ ਪੂਰਾ ਕਰਨ ਲਈ ਦਿੱਤੀ ਗਈ ਸੀ। ਰੋਮੀਆਂ ਦੇ ਨਾਂਅ ਖਤ ਵਿਚ ਪੌਲੁਸ ਨੇ ਲਿਖਿਆ ਕਿ ''ਸ਼ਰ੍ਹਾ ਪਵਿੱਤਰ ਹੈ ਅਤੇ ਹੁਕਮਨਾਮਾ ਪਵਿੱਤਰ ਅਤੇ ਯਥਾਰਥ ਅਤੇ ਚੰਗਾ ਹੈ'' ਅਤੇ ਇਸ ਨੂੰ ''ਆਤਮਕ'' ਵੀ ਆਖਿਆ (ਰੋਮੀਆਂ 7:12, 14)। ਗਲਾਤੀਆਂ ਦੇ ਨਾਂਅ ਲਿਖਦੇ ਹੋਏ ਉਸ ਨੇ ਆਖਿਆ ਕਿ ਇਹ ''ਸ਼ਰ੍ਹਾ ਮਸੀਹ ਦੇ ਆਉਣ ਤੀਕਰ ਸਾਡੇ ਲਈ ਨਿਗਾਹਬਾਨ ਬਣੀ ਭਈ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਜਾਈਏ'' (ਗਲਾਤੀਆਂ 3:24)। ਇਸ ਕਰਕੇ ਸ਼ਰ੍ਹਾ ਖ਼ੁਦਾ ਦੇ ਮਕਸਦ ਦੇ ਖਿਲਾਫ਼ ਨਹੀਂ ਸੀ। ਇਹ ਤਾਂ ਇਹ ਸਮਝਾਉਣ ਲਈ ਕਿ ਲੋਕ ਆਪਣੇ ਆਪ ਨੂੰ ਬਚਾ ਨਹੀਂ ਸਕਦੇ ਅਤੇ ਮਸੀਹ ਤਕ ਉਨ੍ਹਾਂ ਨੂੰ ਲਿਆਉਣ ਲਈ ਦਿੱਤੀ ਗਈ ਸੀ (ਰੋਮੀਆਂ 7:7–11; 8:3, 4; ਗਲਾਤੀਆਂ 3:22–29)।

ਪਰ ਸ਼ਰ੍ਹਾ ਕਦੇ ਵੀ ਅਸਲ ਛੁਟਕਾਰਾ ਦੁਆਉਣ ਲਈ ਬਣਨ ਵਾਲੀ ਨਹੀਂ ਦਿੱਤੀ ਗਈ ਸੀ (ਗਲਾਤੀਆਂ 3:21)। ਜੋ ਲੋਕ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਮੰਨ ਸਕਦੇ ਤਾਂ ਉਹ ਇਸੇ ਦੇ ਰਾਹੀਂ ਬਚਾਏ ਜਾ ਸਕਦੇ ਸਨ, ਪਰ ਖ਼ੁਦਾ ਨੂੰ ਪਤਾ ਸੀ ਕਿ ਉਹ ਇਸ ਨੂੰ ਪੂਰਾ ਨਹੀਂ ਕਰ ਸਕਦੇ। ਦਿੱਕਤ ਸ਼ਰ੍ਹਾ ਦੀ ਨਹੀਂ ਬਲਕਿ ਇਸ ਦੀ ਧਾਰਮਿਕ ਵਿਧੀਆਂ ਅਨੁਸਾਰ ਜੀਣ ਦੀ ਮਨੁੱਖ ਦੀ ਅਯੋਗਤਾ ਜਾਂ ਇੱਛਾ ਦਾ ਨਾ ਹੋਣਾ ਸੀ (ਰੋਮੀਆਂ 7:14–25)।

ਖ਼ੁਦਾ ਨੇ ਆਪਣੇ ਪੁੱਤਰ ਨੂੰ ਸਾਡੇ ਲਈ ਉਹ ਕਰਨ ਵਾਸਤੇ ਭੇਜਿਆ ਜੋ ਅਸੀਂ ਆਪਣੇ ਆਪ ਨਹੀਂ ਕਰ ਸਕਦੇ ਸਾਂ ਭਾਵ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਮੰਨ ਕੇ ਜੀਣਾ (2 ਕੁਰਿੰਥੀਆਂ 5:21)। ਉਹ ਪਾਪ ਲਈ ਸਾਡੀ ਸਿੱਧ ਕੁਰਬਾਨੀ ਬਣਨ ਲਈ ਆਇਆ (ਰੋਮੀਆਂ 5:12–21; ਇਬਰਾਨੀਆਂ 10:5–10; 1 ਪਤਰਸ 2:21–25)। ਨਾ ਸਿਰਫ਼ ਉਸ ਨੇ ਆਪਣੀ ਜ਼ਿੰਦਗੀ ਸ਼ਰ੍ਹਾ ਦੇ ਅਨੁਸਾਰ ਕੱਟੀ ਬਲਕਿ ਜਿਵੇਂ ਇਸ ਆਇਤ ਵਿਚ ਕਿਹਾ ਗਿਆ ਹੈ, ''ਕਿ ਉਸ ਨੇ ਆਪਣੇ ਸਮੇਂ ਦੇ ਹੋਰ ਲੋਕਾਂ ਨੂੰ ਵੀ ਸ਼ਰ੍ਹਾ ਨੂੰ ਮੰਨਣ ਦੀ ਕੋਸ਼ਿਸ਼ ਕਰਨਾ ਸਿਖਾਇਆ'' (19:16–22; ਲੂਕਾ 10:25–28)।

ਇਸ ਆਇਤ ਵਿਚ ਯਿਸੂ ਸ਼ਰ੍ਹਾ ਉੱਤੇ ਆਪਣੀ ਸਿੱਖਿਆ ਬਾਰੇ ਨਾਸਮਝੀ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਗ੍ਰੰਥੀਆਂ ਅਤੇ ਫ਼ਰੀਸੀਆਂ ਦਾ ਕਹਿਣਾ ਸੀ ਕਿ ਰੱਬੀਆਂ ਦੀ ਰੀਤ ਸ਼ਰ੍ਹਾ ਵਾਂਗ ਹੀ ਮੰਨਣ ਯੋਗ ਹੈ। ਯਿਸੂ ਨੇ ਭਾਵੇਂ ਖੁੱਲ੍ਹ ਕੇ ਉਨ੍ਹਾਂ ਰੀਤਾਂ ਦੇ ਖਿਲਾਫ਼ ਗੱਲ ਕੀਤੀ ਅਤੇ ਉਨ੍ਹਾਂ ਨੂੰ ਨਾ ਮੰਨਣ ਦੀ ਕੋਸ਼ਿਸ਼ ਨਾ ਸਿਰਫ਼ ਇਮਾਨਦਾਰੀ ਨਾਲ ਕੀਤੀ ਬਲਕਿ ਉਸ ਨੂੰ ਯਹੂਦੀ ਆਗੂਆਂ ਵੱਲੋਂ ਸ਼ਰ੍ਹਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਰੂਪ ਵਿਚ ਵੀ ਵਿਖਾਇਆ (ਵੇਖੋ 15:1–9)। ਯਕੀਨਨ ਹੀ ਉਸ ਦਾ ਇਹ ਇਰਾਦਾ ਨਹੀਂ ਸੀ। ਇਸ ਦੇ ਉਲਟ ਉਹ ਖ਼ੁਦਾ ਦੀ ਸ਼ਰ੍ਹਾ ਨੂੰ ਇਸ ਦੇ ਮੂਲ ਰੂਪ ਵਿਚ ਮੰਨਣ ਨੂੰ ਬਹਾਲ ਕਰਨ ਦਾ ਚਾਹਵਾਨ ਸੀ (19:1–9)।

**ਆਇਆ ਹਾਂ** ਸ਼ਬਦਾਂ ਨਾਲ ਯਿਸੂ ਨੇ ਆਪਣੇ ਆਪ ਨੂੰ ਉਸ ਮਸੀਹਾ ਦੇ ਨਾਲ ਮਿਲਾਇਆ ਜਿਸ ਦੀ ਉਹ ਚਿਰੋਕਣੀ ਉਡੀਕ ਕਰਦੇ ਸਨ। ''ਆਉਣ ਵਾਲਾ'' ਮਸੀਹ ਲਈ ਹੀ ਵਰਤਿਆ ਜਾਣ ਵਾਲਾ ਸ਼ਬਦ ਸੀ (ਵੇਖੋ ਜ਼ਬੂਰ 118:26; ਮਲਾਕੀ 3:1; ਮੱਤੀ 11:2, 3; 21:9; ਯੂਹੰਨਾ 4:25)। ਆਮ ਧਾਰਣਾ ਇਹੀ ਸੀ ਕਿ ਮਸੀਹਾ ਸ਼ਰ੍ਹਾ ਨੂੰ ਸਚਮੁਚ ਵਿਚ ਅਤੇ ਅਖ਼ੀਰ ਵਿਚ ਸਮਝਾਵੇਗਾ।

ਯਹੂਦੀਆਂ ਨੇ ਪੁਰਾਣੇ ਨੇਮ ਨੂੰ ਜਿਵੇਂ ਅਸੀਂ ਇਸ ਨੂੰ ਵੰਡਦੇ ਹਾਂ, ਉਵੇਂ ਨਹੀਂ ਪਰ ਫ਼ਰਕ ਢੰਗ ਨਾਲ ਵੰਡਿਆ ਹੋਇਆ ਸੀ। ਅਸੀਂ ਤਾਂ ਇਸ ਨੂੰ ਚਾਰ ਭਾਗਾਂ (ਸ਼ਰ੍ਹਾ, ਇਤਿਹਾਸ, ਸ਼ਾਇਰੀ, ਅਤੇ

ਨਬੂਵਤ) ਵਿਚ ਵੰਡਦੇ ਹਾਂ ਪਰ ਇਬਰਾਨੀ ਬਾਈਬਲ ਦੇ ਸਿਰਫ਼ ਤਿੰਨ ਭਾਗ (ਸ਼ਰ੍ਹਾ, ਤੁਰੇਤ, ਨਬੀ ਅਤੇ ਲੇਖ; ਵੇਖੋ ਲੂਕਾ 24:44) ਹਨ। ਆਮ ਤੌਰ ਤੇ ਪੂਰੇ ਪੁਰਾਣੇ ਨੇਮ ਨੂੰ ਤੁਰੇਤ ਅਤੇ ਨਬੀ ਆਖਿਆ ਜਾਂਦਾ ਸੀ (7:12; 11:13; 22:40; ਰਸੂਲਾਂ ਦੇ ਕੰਮ 13:15; 28:23; ਰੋਮੀਆਂ 3:21)।

**''ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਖਿਆ ਹਾਂ।''** ਯਿਸੂ ਸ਼ਰ੍ਹਾ ਨੂੰ ਖੰਡਨ ਜਾਂ ''ਖਤਮ ਕਰਨ'' ਨਹੀਂ ਬਲਕਿ ਉਸ ਨੂੰ ''ਪੂਰਿਆਂ'' ਜਾਂ ''ਮੁਕੰਮਲ'' ਕਰਨ ਨੂੰ ਆਇਆ ਸੀ। ''ਖੰਡਨ'' ਲਈ ਵਰਤੇ ਗਏ ਉਸ ਦੇ ਯੂਨਾਨੀ ਭਾਸ਼ਾ ਦਾ ਅਰਥ ''ਖ਼ਤਮ ਕਰਨਾ,'' ''ਨਕਾਰਾ ਕਰਨਾ'' ਜਾਂ ''ਨਜਾਇਜ਼ ਕਰਾਰ ਦੇਣਾ'' ਹੈ। ਸ਼ਰ੍ਹਾ ਨੂੰ ਖੰਡਣ ਦੀ ਬਜਾਇ ਇਸ ਦੇ ਮਕਸਦਾਂ ਨੂੰ ਪੂਰਾ ਕਰਨ ਅਤੇ ਸਲੀਬ ਉੱਤੇ ਆਪਣੇ ਵੇਲੇ ਇਸ ਨੂੰ ਰਾਹ ਵਿੱਚੋਂ ਹਟਾ ਦਿੱਤਾ (ਰੋਮੀਆਂ 10:4; ਅਫ਼ਸੀਆਂ 2:15)। ਉਸ ਵਕਤ ਸ਼ਰ੍ਹਾ ''ਮਰ ਗਈ,'' ਜਿਸ ਕਰਕੇ ਸਾਨੂੰ ਇਸ ਨੂੰ ਮੰਨਣ ਲਈ ਮਜਬੂਰੀ ਨਹੀਂ ਰਹੀ (ਰੋਮੀਆਂ 7:4; ਗਲਾਤੀਆਂ 3:25; 5:1–4)। ਆਪਣੇ ਜੀ ਉੱਠਣ ਦੇ ਬਾਅਦ ਯਿਸੂ ਨੇ ਆਪਣੇ ਰਸੂਲਾਂ ਨੂੰ ਦੱਸਿਆ ਸੀ ਕਿ ਉਸ ਨੇ ਇਸ ਨੂੰ ਸਾਰੇ ਦਾ ਸਾਰਾ ''ਪੂਰਾ ਕਰ ਦਿੱਤਾ'' ਹੈ (ਲੂਕਾ 24:44)। ਸ਼ਰ੍ਹਾ ਦਾ ਕੋਈ ਅਜਿਹਾ ਭਾਗ ਨਹੀਂ ਰਿਹਾ ਸੀ ਜਿਹੜਾ ਪੂਰਾ ਨਾ ਹੋਇਆ ਹੋਵੇ ਅਤੇ ਉਸ ਦੇ ਬਾਰੇ ਵਿਚ ਪੁਰਾਣੇ ਨੇਮ ਦੀ ਕੋਈ ਨਬੂਵਤ ਅਜਿਹੀ ਨਹੀਂ ਰਹੀ ਸੀ ਜਿਹੜੀ ਪੂਰੀ ਨਾ ਹੋਈ ਹੋਵੇ। ਅੱਜ ਕੋਈ ਵੀ ਜੋ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਸ਼ਰ੍ਹਾ ਜਾਂ ਇਸ ਦੇ ਕਿਸੇ ਭਾਗ ਨੂੰ ਮੰਨਣਾ ਲਾਜ਼ਮੀ ਹੈ, ਉਹ ਅਜਿਹੇ ਸਿਸਟਮ ਨਾਲ ਚੰਬੜਿਆ ਹੈ ਜਿਹੜਾ ਹੁਣ ਖ਼ੁਦਾ ਦੀ ਯੋਜਨਾ ਦਾ ਭਾਗ ਨਹੀਂ ਹੈ।

## ''ਇਕ ਅੱਖਰ ਯਾ ਇਕ ਬਿੰਦੀ ਵੀ ਨਹੀਂ'' (5:18)

**18 ''ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇਕ ਅੱਖਰ ਯਾ ਇਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ''।**

**ਆਇਤ 18.** ਯਿਸੂ ਨੇ ਆਪਣੇ ਦਾਅਵੇ ਦੀ ਭੂਮਿਕਾ **''ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ''** ਸ਼ਬਦਾਂ ਨਾਲ ਬਣਾਈ। ''ਸੱਚ'' ਲਈ ਯੂਨਾਨੀ ਭਾਸ਼ਾ ਦਾ ਸ਼ਬਦ ਸਾਡੇ ਸ਼ਬਦ ''ਆਮੀਨ'' ਦਾ ਆਧਾਰ ਹੈ। ਯਿਸੂ ਨੇ ਆਪਣੀਆਂ ਗੱਲਾਂ ਦੇ ਅਖ਼ੀਰ ਨਾਲੋਂ ਉਨ੍ਹਾਂ ਦੇ ਸ਼ੁਰੂ ਵਿਚ ਗੰਭੀਰ ਇਜ਼ਹਾਰ ਦੀ ਵਰਤੋਂ ਨਿਰਾਲੇ ਢੰਗ ਨਾਲ ਕੀਤੀ। ''ਮੈਂ ਤੁਹਾਨੂੰ ਆਖਦਾ ਹਾਂ'' ਯਿਸੂ ਦੇ ਇਖ਼ਤਿਆਰ ਨਾਲ ਖ਼ੁਦਾ ਦੀ ਮਰਜ਼ੀ ਨੂੰ ਦੱਸਦਿਆਂ ਇਸ ਪੂਰੇ ਅਧਿਆਇ ਵਿਚ ਦੁਹਰਾਇਆ ਗਿਆ ਹੈ (5:20, 22, 26, 28, 32, 34, 39, 44)।

ਯਿਸੂ ਨੇ ਆਖਿਆ **''ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇਕ ਅੱਖਰ ਯਾ ਇਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ।''**[2] ''ਇਕ ਅੱਖਰ'' ਜਾਂ ''ਇਕ ਬਿੰਦੀ'' (KJV) ਮੂਲ ਯੂਨਾਨੀ ਭਾਸ਼ਾ ਵਿਚ ''ਇਕ ਅਯੋਟਾ'' ਹੈ। ''ਅਯੋਟਾ'' ਯੂਨਾਨੀ ਵਰਣਮਾਲਾ ਦਾ ਸਭ ਤੋਂ ਛੋਟਾ ਅੱਖਰ ਹੈ। ਇਬਰਾਨੀ ਭਾਸ਼ਾ ਜਿਸ ਵਿਚ ਮੂਲ ਵਿਚ ਸ਼ਰ੍ਹਾ ਲਈ ਸੀ, ਦਾ ਸਭ ਤੋਂ ਛੋਟਾ ਅੱਖਰ ''ਯੋਡ'' ਹੈ। ''ਬਿੰਦੀ'' ਜਾਂ ''ਨੁਕਤਾ'' (KJV) ਯੂਨਾਨੀ ਭਸ਼ਾ ਦੇ ਅਰਥ ਵਿੱਚੋ ਨਿੱਕਲਿਆ ਹੈ ਜਿਸ ਦਾ ਖ਼ਾਸ ਅਰਥ ''ਸਿੰਗ'' ਹੈ। ਇਹ ਇਕ ਇਬਰਾਨੀ ਅੱਖਰ ਉੱਤੇ ਇਕ ਛੋਟਾ ਜਿਹਾ ਨਿਸ਼ਾਨ ਹੈ ਜਿਹੜਾ ਇਸ ਨੂੰ ਕਿਸੇ ਦੂਜੇ ਅੱਖਰ ਨਾਲੋਂ ਅੱਡ ਕਰਦਾ ਹੈ। ਅੰਗ੍ਰੇਜ਼ੀ ਭਾਸ਼ਾ ਵਿਚ ਅਸੀਂ ਇਸ ਨੂੰ ਉਸੇ ਸਿਧਾਂਤ ਨੂੰ ਸਮਝਾਉਣ ਲਈ '' 'i' ਦੇ ਉੱਤੇ ਬਿੰਦੀ ਪਾਉਣਾ ਅਤੇ 't' '' ਨੂੰ ਕੱਟਣਾ ਆਖਾਂਗੇ। ਬਿਨਾਂ ਅਪਵਾਦ ਦੇ ਹਰ ਨਬੂਵਤ, ਪ੍ਰਤੀਕ ਅਤੇ ਵਾਅਦੇ ਦਾ ਪੂਰਾ ਹੋਣਾ ਜ਼ਰੂਰੀ ਸੀ। ਜਦ ਤਕ ਸਲੀਬ ਉੱਤੇ ਮਸੀਹ ਦੇ ਰਾਹੀਂ ਉਸ ਨੂੰ ਪੂਰਾ ਨਾ ਕਰ ਦਿੱਤਾ ਜਾਂਦਾ ਤਦ ਤਕ ਸ਼ਰ੍ਹਾ

ਲਾਗੂ ਰਹਿਣੀ ਸੀ ਅਤੇ ਉਸ ਸਮੇਂ ਦੇ ਯਹੂਦੀ ਲੋਕਾਂ ਨੂੰ ਇਸ ਦੇ ਹਰ ਭਾਗ ਨੂੰ ਮੰਨਣਾ ਮਜਬੂਰੀ ਸੀ।

ਹੁਣ ਅਸੀਂ ਇਕ ਨਵੀਂ ਸ਼ਰ੍ਹਾ ਭਾਵ ''ਮਸੀਹ ਦੀ ਸ਼ਰ੍ਹਾ'' ਦੇ ਅਧੀਨ ਰਹਿੰਦੇ ਹਾਂ (ਗਲਾਤੀਆਂ 6:2)। ਖ਼ੁਦਾ ਸਾਨੂੰ ਆਪਣੀ ਪੁਰਾਣੀ ਸ਼ਰ੍ਹਾ ਦੇ ਅਨੁਸਾਰ ਰਹਿਣ ਲਈ ਨਹੀਂ ਆਖਦਾ ਹੈ। ਸਾਨੂੰ ਇਸ ਵਿਚ ਪਾਏ ਜਾਣ ਵਾਲੇ ਨਿਯਮਾਂ ਨੂੰ ਮੰਨਣਾ ਜ਼ਰੂਰੀ ਹੈ, ਜਿਨ੍ਹਾਂ ਨੂੰ ਯਿਸੂ ਮਸੀਹ ਦੇ ਨਵੇਂ ਨੇਮ ਵਿਚ ਮਿਲਾ ਦਿੱਤਾ ਗਿਆ ਹੈ; ਪਰ ਅਸੀਂ ਉਨ੍ਹਾਂ ਨੂੰ ਇਸ ਕਰਕੇ ਮੰਨਦੇ ਹਾਂ ਕਿਉਂਕਿ ਉਹ ਨਵੇਂ ਨੇਮ ਵਿਚ ਹਨ, ਨਾ ਕਿ ਇਸ ਕਰਕੇ ਕਿ ਉਹ ਪੁਰਾਣੇ ਨੇਮ ਵਿਚ ਵੀ ਮਿਲਦੇ ਹਨ। ਪੌਲੁਸ ਨੇ ਲਿਖਿਆ ਹੈ, ''ਪਰ ਹੁਣ ਸ਼ਰ੍ਹਾ ਦੇ ਬਾਝੋਂ ਪਰਮੇਸ਼ੁਰ ਦਾ ਧਰਮ ਪਰਗਟ ਹੋਇਆ ਹੈ ਅਤੇ ਸ਼ਰ੍ਹਾ ਅਤੇ ਨਬੀ ਉਹ ਦੀ ਸਾਖੀ ਦਿੰਦੇ ਹਨ। ਅਰਥਾਤ ਪਰਮੇਸ਼ੁਰ ਦਾ ਉਹ ਧਰਮ ਜਿਹੜਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ। ...'' (ਰੋਮੀਆਂ 3:21, 22)। ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿਚ 120 ਨਾਲੋਂ ਵੱਧ ਵਾਰ ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਆਖਦਾ ਹਾਂ'' (KJV)। ਯਿਸੂ ਨੇ ਆਖਿਆ, ''ਜਿਹੜਾ ਮੈਨੂੰ ਰੱਦਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਵਚਨ ਮੈਂ ਕਿਹਾ ਉਹੀਓ ਅੰਤ ਦੇ ਦਿਨ ਉਹਨੂੰ ਦੋਸ਼ੀ ਠਹਿਰਾਵੇਗਾ'' (ਯੂਹੰਨਾ 12:48)। ਉਸ ਨੇ ਇਹ ਵੀ ਆਖਿਆ, ''ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਵਚਨ ਕਦੇ ਨਾ ਟਲਣਗੇ'' (ਮੱਤੀ 24:35)।

## ''ਇਨ੍ਹਾਂ ਛੋਟਿਆਂ ਹੁਕਮਾਂ ਵਿੱਚੋਂ'' ਇਕ ਵੀ ਨਹੀਂ (5:19)

**19 ''ਸੋ ਜੋ ਕੋਈ ਇਨ੍ਹਾਂ ਸਭਨਾਂ ਤੋਂ ਛੋਟਿਆਂ ਹੁਕਮਾਂ ਵਿੱਚੋਂ ਇਕ ਨੂੰ ਵੀ ਟਾਲ ਦੇਵੇ ਅਤੇ ਇਸੇ ਤਰ੍ਹਾਂ ਮਨੁੱਖਾਂ ਨੂੰ ਸਿਖਲਾਵੇ ਸੋ ਸੁਰਗ ਦੇ ਰਾਜ ਵਿਚ ਸਭਨਾਂ ਨਾਲੋਂ ਛੋਟਾ ਕਹਾਵੇਗਾ ਪਰ ਜਿਹੜਾ ਉਨ੍ਹਾਂ ਦੀ ਪਾਲਨਾ ਕਰੇ ਅਤੇ ਸਿਖਲਾਵੇ ਉਹ ਸੁਰਗ ਦੇ ਰਾਜ ਵਿਚ ਵੱਡਾ ਕਹਾਵੇਗਾ।''**

**ਆਇਤ 19.** ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਸ਼ਰ੍ਹਾ ਨੂੰ ਵੱਡੇ ਅਤੇ ਛੋਟੇ ਭਾਗਾਂ ਵਿਚ ਵੰਡਿਆ ਹੋਇਆ ਸੀ ਜਿਸ ਵਿਚ ਕੁਝ ਨਿਯਮਾਂ ਨੂੰ ਦੂਜਿਆਂ ਨਾਲੋਂ ਵੱਧ ਅਹਿਮ ਦੱਸਿਆ ਜਾਂਦਾ ਸੀ। ਜੈਕ ਪੀ. ਲੂਈਸ ਨੇ ਦੋਹਾਂ ਦੀ ਤੁਲਨਾ ਇਸ ਤਰ੍ਹਾਂ ਕੀਤੀ ਹੈ:

> ਰੱਬੀਆਂ ਨੇ ਸ਼ਰ੍ਹਾ ਵਿਚ 613 ਹੁਕਮ ਗਿਣੇ ਹੋਏ ਸਨ ਅਤੇ ਮਾਤਾ ਪਿਤਾ ਦਾ ਆਦਰ ਕਰਨ ਦੇ ਹੁਕਮ ਨੂੰ (ਕੂਚ 20:12; ਵਿਵਸਥਾਸਾਰ 5:16) ਵੱਡੇ ਹੁਕਮ ਦੇ ਰੂਪ ਵਿਚ ਦੱਸ ਦੇ ਸਨ ਜਦਕਿ ਪੰਛੀਆਂ ਦੇ ਆਲਣਿਆਂ ਨਾਲ ਸਬੰਧਿਤ ਵਿਵਸਥਾਸਾਰ 22:6 ਦੇ ਹੁਕਮ ਨੂੰ ਸਭ ਤੋਂ ਛੋਟਾ। ਪਰ ਕਿਸੇ ਵੀ ਹੁਕਮ ਦੀ ਅਣਗਹਿਲੀ ਨਹੀਂ ਕੀਤੀ ਜਾਣੀ ਚਾਹੀਦੀ ਸੀ।[3]

ਮਿਸ਼ਨਾਹ ਵਿਚ ਕਿਹਾ ਗਿਆ ਹੈ,

> ਛੋਟੇ ਤੋਂ ਛੋਟੇ ਧਾਰਮਿਕ ਫ਼ਰਜ਼ ਵਿਚ ਵੱਡੇ ਫ਼ਰਜ਼ ਵਾਂਗ ਹੀ ਚੌਕਸੀ ਰੱਖੋ ਕਿਉਂ ਜੋ ਤੁਸੀਂ ਨਹੀਂ ਜਾਣਦੇ ਕਿ ਵੱਖੋ ਵੱਖ ਧਾਰਮਿਕ ਫ਼ਰਜ਼ਾਂ ਵਿੱਚੋਂ ਕਿਸ ਦਾ ਇਨਾਮ ਕਿਹੋ ਜਿਹਾ ਮਿਲਣ ਵਾਲਾ ਹੈ। ਸਭ ਤੋਂ ਛੋਟੇ ਧਾਰਮਿਕ ਫ਼ਰਜ਼ ਨੂੰ ਇਵੇਂ ਮੰਨੋ ਜਿਵੇਂ ਸਭ ਤੋਂ ਖ਼ਾਸ ਫ਼ਰਜ਼ ਹੋਵੇ ਅਤੇ ਜ਼ੁਲਮ ਕਰਨ ਤੋਂ ਨੱਸੋ। ਕਿਉਂ ਜੋ ਇਕ ਧਾਰਮਿਕ ਫ਼ਰਜ਼ ਕਰਨ ਨਾਲ ਦੂਜੇ ਧਾਰਮਿਕ ਫ਼ਰਜ਼ ਲਈ ਰਾਹ ਖੁੱਲ੍ਹ ਜਾਂਦਾ ਹੈ।[4]

ਭਲਾ ਯਿਸੂ **ਇਨ੍ਹਾਂ ਸਭਨਾਂ ਤੋਂ ਛੋਟਿਆਂ ਹੁਕਮਾਂ** ਵਰਗੇ ਵਾਕਅੰਸ਼ ਦੀ ਵਰਤੋਂ ਕਰਕੇ ਸਮਝੌਤਾਵਾਦੀ ਭਾਸ਼ਾ ਵਰਤ ਰਿਹਾ ਸੀ? ਗ੍ਰੰਥੀ ਅਤੇ ਫ਼ਰੀਸੀ ਲੋਕ ਕੁਝ ਨਿਯਮਾਂ ਨੂੰ ਦੂਜੇ ਨਿਯਮਾਂ ਨਾਲੋਂ ਵੱਧ ਮੰਨਦੇ ਸਨ, ਤਾਂ ਭਲਾ ਉਹ ਇਹ ਕਹਿ ਰਿਹਾ ਸੀ ਕਿ ਉਹ ਨਿਯਮ ਵੀ ਜਿਨ੍ਹਾਂ ਨੂੰ ਉਹ ਦੂਜਿਆਂ ਨਾਲੋਂ ''ਛੋਟੇ'' ਮੰਨਦੇ ਹਨ, ਨਜ਼ਰਅੰਦਾਜ਼ ਨਾ ਕੀਤੇ ਜਾਣ? ਸ਼ਾਇਦ ਨਹੀਂ। ਯਾਦ ਰੱਖਣਾ ਚਾਹੀਦਾ ਹੈ ਕਿ ਯਿਸੂ ਨੇ ਆਪ ਸਭ ਤੋਂ ਵੱਡਾ ਹੁਕਮ (''ਪ੍ਰਭੂ ਆਪਣੇ ਪਰਮੇਸ਼ੁਰ ਨਾਲ ਪਿਆਰ ਰੱਖ'') ਦੇ ਨਾਲ ਨਾਲ ਦੂਜਾ ਹੁਕਮ (''ਆਪਣੇ ਗੁਆਂਢੀ ਨਾਲ ਆਪਣੇ ਵਾਂਗੂ ਪਿਆਰ ਕਰ'') ਦੱਸਿਆ (22:34–40)। ਉਸ ਨੇ ਇਹ ਵੀ ਆਖਿਆ ਕਿ ਗ੍ਰੰਥੀ ਅਤੇ ਫ਼ਰੀਸੀ ਛੋਟੇ ਹੁਕਮ (ਪੁਦੀਨੇ, ਸੌਂਫ਼ ਅਤੇ ਜ਼ੀਰੇ ਦਾ ਦਸਵਾਂ ਹਿੱਸਾ ਦੇਣਾ) ਜੇ ਜ਼ੋਰ ਦਿੰਦੇ ਸਨ ਜਦਕਿ ਵੱਡੇ ਹੁਕਮ (ਨਿਆਂ, ਦਯਾ, ਨਿਹਚਾ) ਨੂੰ ਨਜ਼ਰਅੰਦਾਜ਼ ਕਰ ਦਿੰਦੇ ਸਨ। ਯਿਸੂ ਨੇ ਐਲਾਨ ਕੀਤਾ ਕਿ ਦੋਵੇਂ ਤਰ੍ਹਾਂ ਦੇ ਹੁਕਮਾਂ ਨੂੰ ਮੰਨਿਆ ਜਾਣਾ ਚਾਹੀਦਾ ਹੈ (23:23)।

ਉਸ ਦੀ ਸਿੱਖਿਆ ਸੀ ਕਿ **ਸੁਰਗ ਦੇ ਰਾਜ ਵਿਚ ਸਭਨਾਂ ਨੂੰ ਛੋਟਾ** ਕਹਾਵੇਗੇ ਤੋਂ ਮਤਲਬ ਇਹ ਨਹੀਂ ਹੈ ਕਿ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਵਾਲੇ ਲੋਕ ਗਲਤ ਸਨ। ਇਸ ਦੇ ਉਲਟ ਉਹ ਖ਼ੁਦਾ ਦੇ ਹੁਕਮ ਨੂੰ ਮੰਨਣ ਦੇ ਮਹੱਤਵ ਤੇ ਜ਼ੋਰ ਦੇਣ ਨਾਲ ਮੇਲ ਖਾਂਦੀ ਗੱਲ ਵਰਤ ਰਿਹਾ ਸੀ। ਯਿਸੂ ਦੀ ਗੱਲ ਨੂੰ ਸ਼ਰ੍ਹਾ ਦੇ ਉਸ ਦੇ ਪੂਰਾ ਕਰਨ ਦੀ ਰੌਸ਼ਨੀ ਵਿਚ ਸਮਝਿਆ ਜਾਣਾ ਚਾਹੀਦਾ ਹੈ। ਪਵਿੱਤਰ ਲਿਖਤ ਦੇ ਹੁਕਮ ਮੰਨਣ ਤੋਂ ਭਾਵ ਮਸੀਹ ਦੀ ਸ਼ਰ੍ਹਾ ਦੀ ਗੱਲ ਮੰਨਣਾ ਹੈ।

## ''ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ'' (5:20)

**[20] ''ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿਚ ਕਿਸੇ ਬਿਧ ਨਾ ਵੜੋਗੇ।''**

**ਆਇਤ 20.** ਫ਼ੁਰਤੀ ਨਾਲ ਅੱਗੇ ਵਧਦੇ ਯਿਸੂ ਨੇ ਆਖਿਆ, **''ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿਚ ਕਿਸੇ ਬਿਧ ਨਾ ਵੜੋਗੇ।''** ਉਸ ਦਾ ਜ਼ੋਰ ਬੇਸ਼ੱਕ ਇਸ ਗੱਲ ਤੇ ਸੀ ਕਿ ਉਸ ਦਾ ਜ਼ੋਰ ''ਰਾਜ ਵਿਚ ਵੱੜਨ ਦੇ ਨਿਯਮਾਂ ਨੂੰ ਸਿਰਫ਼ ਵਿਖਾਉਣ ਦੇ ਲਈ ਮੰਨਣ ਦੇ ਹੁਕਮ ਤੋਂ ਅੱਗੇ ਵੱਧਣਾ ਜ਼ਰੂਰੀ ਸੀ।''[5] ''ਗ੍ਰੰਥੀਆਂ ਅਤੇ ਫ਼ਰੀਸੀਆਂ'' ਦਾ ਧਰਮ ਉਨ੍ਹਾਂ ਨੂੰ ਆਪਣੇ ਧਰਮ ਦੇ ਬਾਹਰੀ ਸੰਸਕਾਰਾਂ ਅਤੇ ਰੀਤਾਂ ਨੂੰ ਮੰਨਣ ਦੇ ਨਾਲ ਨਾਲ ਆਪਣੇ ਮਨ ਵਿਚ ਦੁਸ਼ਟ ਭਾਵਨਾਵਾਂ ਨੂੰ ਜਮ੍ਹਾਂ ਕਰਨ ਦੀ ਇਜਾਜ਼ਤ ਦਿੰਦਾ ਹੈ। ਇਹ ਖ਼ੁਦਾ ਦੀ ਸ਼ਰ੍ਹਾ ਨੂੰ ਬੇਹੂਦੇ ਢੰਗ ਨਾਲ ਵਿਗਾੜਨਾ ਸੀ। ਯਿਸੂ ਦੇ ਚੇਲਿਆਂ ਨੂੰ ਇਹ ਨਿਚੋੜ ਨਹੀਂ ਕੱਢਣਾ ਚਾਹੀਦਾ ਕਿ ਉਹ ਵੱਖੋ ਵੱਖ ਬਾਹਰੀ ਰੀਤਾਂ ਨੂੰ ਮੰਨ ਰਹੇ ਹਨ ਇਸ ਕਰਕੇ ਉਨ੍ਹਾਂ ਨੂੰ ਆਪਣੇ ਮਨਾਂ ਦੇ ਵਿਚਾਰਾਂ ਦੀ ਪਰਵਾਹ ਕਰਨ ਦੀ ਲੋੜ ਨਹੀਂ ਹੈ। ਯਿਸੂ ਨੇ ਬਾਅਦ ਵਿਚ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਦੱਸਿਆ ਕਿ ਉਨ੍ਹਾਂ ਲਈ ਕਟੋਰੇ ਅਤੇ ਥਾਲੀ ਨੂੰ ਬਾਹਰੋਂ ਮਾਂਜਣ ਦਾ ਕੋਈ ਫ਼ਾਇਦਾ ਨਹੀਂ ਹੈ ਜੇ ਉਹ ਅੰਦਰੋਂ ਗੰਦਾ ਰਹੇ (23:26)।

~~~ **ਸਬਕ** ~~~

### ਯਿਸੂ ਅਤੇ ਸ਼ਰ੍ਹਾ (5:17-20)

ਯਿਸੂ ਮੂਸਾ ਦੀ ਸ਼ਰ੍ਹਾ ਨੂੰ ''ਖ਼ਤਮ'' ਕਰਨ ਨਹੀਂ ਬਲਕਿ ਇਸ ਨੂੰ ''ਪੂਰਾ'' ਕਰਨ ਆਇਆ ਸੀ। ਉਹ ਸ਼ਰ੍ਹਾ ਦੀ ਉਸ ਸ਼ਾਨ ਨੂੰ ਬਹਾਲ ਕਰਨ ਲਈ ਆਇਆ ਜਿਸ ਨੂੰ ਯਹੂਦੀਆਂ ਨੇ ਆਪਣੀਆਂ
~~~

ਵੱਖੋ ਵੱਖ ਵਿਆਖਿਆਵਾਂ, ਮਿਲਾਵਟ ਨੂੰ ਉਸ ਵਿੱਚੋਂ ਜੋੜਨ ਅਤੇ ਉਸ ਵਿੱਚੋਂ ਕੱਢ ਲੈਣ ਨਾਲ ਉਸ ਤੋਂ ਖੋਲ ਲਈ ਸੀ। ਉਸ ਦੀਆਂ ਟਿੱਪਣੀਆਂ ਤੋਂ ਸਾਫ਼ ਹੈ ਕਿ ਉਹ ਨਵੇਂ ਯੁੱਗ ਭਾਵ ਮਸੀਹੀ ਯੁੱਗ ਲਈ ਨੇਮ ਹੀ ਬਣਾਉਣ ਵਾਲਾ ਸੀ। ਯਿਸੂ ਨੇ ਨਵੇਂ ਨੇਮ ਦੇ ਅੰਦਰ ਹੀ ਕਈ ਅਨਾਦੀ ਨੇਮ ਜੋੜ ਦਿੱਤੇ ਜਿਹੜੇ ਖ਼ੁਦਾ ਨੇ ਪਿੱਛਲੇ ਦੋ ਯੁਗਾਂ ਦੌਰਾਨ ਦਿੱਤੇ ਸਨ। ਸਾਨੂੰ ਇਨ੍ਹਾਂ ਨੂੰ ਮੰਨਣਾ ਸਿੱਖਣ ਦੀ ਲੋੜ ਹੈ ਕਿਉਂ ਜੋ ਉਸ ਨੇ ਦਿੱਤੇ ਹਨ, ਨਾ ਕਿ ਇਸ ਲਈ ਕਿ ਉਹ ਪਰਾਣੇ ਨੇਮ ਦਾ ਭਾਗ ਸਨ (ਵੇਖੋ ਇਬਰਾਨੀਆਂ 8:7–13)।

---

ਟਿੱਪਣੀਆਂ

[1]ਪਰ ਇਹ ਤੈਅ ਕਰਦਿਆਂ ਸੰਦਰਭ ਨੂੰ ਧਿਆਨ ਵਿਚ ਰੱਖਿਆ ਜਾਣਾ ਜ਼ਰੂਰੀ ਹੈ। [2]ਵੇਖੋ ਲੂਕਾ 16:17. ਰੱਬੀਆਂ ਦੇ ਲੇਖਾਂ ਵਿਚ ਅਜਿਹੀ ਹੀ ਭਾਸ਼ਾ ਵਰਤੀ ਗਈ ਹੈ। *ਐਕਸੋਡਸ ਰੱਬਾਹ* 6.1 ਵਿਚ ਕਿਹਾ ਗਿਆ ਹੈ ਕਿ ''ਸ਼ਰ੍ਹਾ ਵਿਚ ਇਕ ਬਿੰਦੀ ਵੀ ਕਦੇ ਮਿਟਾਈ ਨਹੀਂ ਜਾਵੇਗੀ।'' [3]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ*, ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰ., 1976), 87. [4]ਮਿਸ਼ਨਾਹ *ਐਬਥ* 2.1; 4.2. [5]ਲੂਈਸ, 88.